Prof. (Dr.) Vikas Chawla
Dean (Academics)

ਆਈ. ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ
Estd. Under Punjab Technical University Act, 1996
(Punjab Act No.1 of 1997)

No. IKGPTU/DA/2801 Dated : 14/04/2021

ਪ੍ਰਿੰਸੀਪਲ / ਡਾਇਰੈਕਟਰ
ਸਮੂਹ ਐਫੀਲੇਟਿਡ ਕਾਲਜ / ਯੂਨੀਵਰਸਿਟੀ ਕੈਂਪਸ / ਖੇਤਰੀ ਕੈਂਪਸ
ਆਈ.ਕੇ.ਜੀ. ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ।

**ਵਿਸ਼ਾ :- ਆਨ-ਲਾਈਨ ਕਲਾਸਾਂ ਦਾ ਰਿਕਾਰਡ ਰੱਖਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪ੍ਰਮੁੱਖ ਸਕੱਤਰ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਜੀ ਵੱਲੋਂ ਪ੍ਰਾਪਤ ਮੀਮੋ ਨੰਬਰ/497 ਮਿਤੀ 19.03.2021 ਰਾਹੀਂ ਆਦੇਸ਼ ਪ੍ਰਾਪਤ ਹੋਏ ਹਨ ਕਿ ਵਿਦਿਆਰਥੀਆਂ ਦੀਆਂ ਆਨ-ਲਾਈਨ ਕਲਾਸਾਂ ਦਾ ਪੂਰਾ ਰਿਕਾਰਡ ਰੱਖਿਆ ਜਾਵੇ। ਇਸ ਤੋਂ ਇਲਾਵਾ ਆਨ-ਲਾਈਨ ਕਲਾਸਾਂ ਦੀਆਂ ਵੀਡਿਓ ਰਿਕਾਰਡਿੰਗਜ਼ ਸਬੰਧਤ ਵਿਦਿਆਰਥੀਆਂ ਨਾਲ ਵੀ ਸ਼ੇਅਰ ਕੀਤੀਆਂ ਜਾਣ ਤਾਂ ਜ਼ੋ ਵਿਦਿਆਰਥੀ ਲੋੜ ਅਨੁਸਾਰ ਉਸ ਨੂੰ ਦੁਬਾਰਾ ਵੇਖ ਕਿ ਆਪਣੇ ਸ਼ੰਕੇ ਦੂਰ ਕਰ ਸਕਣ।

ਪ੍ਰਮੁੱਖ ਸਕੱਤਰ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਜੀ ਵੱਲੋਂ ਪ੍ਰਾਪਤ ਪੱਤਰ ਮੀਮੋ ਨੰਬਰ/497 ਮਿਤੀ 19.03.2021 ਨਾਲ ਨੱਥੀ ਕਰਕੇ ਆਪ ਜੀ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

ਪ੍ਰੋਫੈਸਰ (ਡਾ.) ਵਿਕਾਸ ਚਾਵਲਾ
ਡੀਨ (ਅਕਾਦਮਿਕ)

ਇਸ ਦਾ ਇੱਕ ਉਤਾਰਾ :

1. ਸਕੱਤਰੇਤ ਦਫ਼ਤਰ ਉਪ-ਕੁਲਪਤੀ ਜੀ : ਮਾਨਯੋਗ ਉਪ-ਕੁਲਪਤੀ ਜੀ ਦੀ ਜਾਣਕਾਰੀ ਹਿੱਤ।
2. ਰਜਿਸਟਰਾਰ ਜੀ ਨੂੰ ਸੂਚਨਾ ਹਿੱਤ।
3. ਡਾਇਰੈਕਟਰ (ਮੇਨ ਕੈਂਪਸ) ਜੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ।

ਪ੍ਰੋਫੈਸਰ (ਡਾ.) ਵਿਕਾਸ ਚਾਵਲਾ
ਡੀਨ (ਅਕਾਦਮਿਕ)



I. K. Gujral Punjab Technical University
Jalandhar-Kapurthala Highway, Kapurthala -144 603 **Ph.:** 01822-282562
**Email :** vikas.chawla@ptu.ac.in, deanacad@ptu.ac.in **Website :** www.ptu.ac.in

ਪੰਜਾਬ ਸਰਕਾਰ

ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈਵਿਭਾਗ

ਤਕਨੀਕੀ ਸਿੱਖਿਆ-2 ਸ਼ਾਖਾ, ਚੰਡੀਗੜ੍ਹ।

ਸੇਵਾ ਵਿਖੇ,

1. ਵਾਈਸ ਚਾਂਸਲਰ
ਆਈ.ਕੇ.ਜੀ ਪੀ.ਟੀ.ਯੂ., ਕਪੂਰਥਲਾ।

2. ਵਾਈਸ ਚਾਂਸਲਰ
ਮਹਾਰਾਜਾ ਰਣਜੀਤ ਸਿੰਘ ਪੀ.ਟੀ.ਯੂ., ਬਠਿੰਡਾ।

3. ਸਕੱਤਰ
ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ,
ਚੰਡੀਗੜ੍ਹ।

ਮੀਮੋ ਨੰ.497 ਮਿਤੀ: 19-03-2021

**ਵਿਸ਼ਾ:-** **ਆਨ-ਲਾਈਨ ਕਲਾਸਾਂ ਦਾ ਰਿਕਾਰਡ ਰੱਖਣ ਬਾਰੇ।**

ਕੋਵਿਡ ਨਾਲ ਪੈਦਾ ਹੋਏ ਹਾਲਾਤ ਦੇ ਮੱਦੇ-ਨਜ਼ਰ ਕਾਫੀ ਕਾਲਜ਼ਾਂ ਵਲੋਂ ਕਈ ਕਲਾਸਾਂ ਆਨ-ਲਾਈਨ ਮੋਡ ਵਿੱਚ ਲਈਆਂ ਜਾ ਰਹੀਆਂ ਹਨ, ਪ੍ਰੰਤੂ ਨਿਮਨ-ਹਸਤਾਖਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਕਾਲਜ਼ਾਂ ਵਲੋਂ ਇਸ ਸਥਿਤੀ ਦਾ ਲਾਭ ਉਠਾਉਂਦੇ ਹੋਏ ਨਾ ਤਾਂ ਆਫ-ਲਾਈਨ ਕਲਾਸਾਂ ਲਗਾਈਆਂ ਜਾ ਰਹੀਆਂ ਹਨ ਅਤੇ ਨਾ ਹੀ ਆਨ-ਲਾਈਨ। ਇਸ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਦਾ ਹਰਜਾ ਹੁੰਦਾ ਹੈ ਅਤੇ ਵਿਦਿਆਰਥੀਆਂ ਦਾ ਭਵਿੱਖ ਵੀ ਖਰਾਬ ਹੁੰਦਾ ਹੈ।

2. ਇਸ ਲਈ ਆਪ ਨੂੰ ਆਖਿਆ ਜਾਂਦਾ ਹੈ ਕਿ ਆਪਣੇ ਨਾਲ ਐਫੀਲੀਏਟਿਡ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਕਾਲਜ਼ਾਂ ਨੂੰ ਆਦੇਸ਼ ਦਿੱਤਾ ਜਾਵੇ ਕਿ ਉਨ੍ਹਾਂ ਵਲੋਂ ਜੋ ਵੀ ਆਨ-ਲਾਈਨ ਕਲਾਸਾਂ ਲਗਾਈਆਂ ਜਾਂਦੀਆਂ ਹਨ, ਉਨ੍ਹਾਂ ਦਾ ਉਹ ਪੂਰਾ ਰਿਕਾਰਡ ਰੱਖਣ। ਜੋ ਆਨ-ਲਾਈਨ ਕਲਾਸਾਂ ਲਗਾਈਆਂ ਜਾਂਦੀਆਂ ਹਨ, ਉਸ ਦੀ ਵੀਡੀਓ ਰਿਕਾਰਡਿੰਗ ਵੀ ਕੀਤੀ ਜਾਵੇ।

3. ਇਹ ਵੀਡੀਓ ਰਿਕਾਰਡਿੰਗ ਯੂਨੀਵਰਸਿਟੀ/ਬੋਰਡ ਨਾਲ ਸਾਂਝਾ ਕਰਨ ਦਾ ਸਿਸਟਮ ਬਣਾਇਆ ਜਾਵੇ ਤਾਂ ਜੋ ਯੂਨੀਵਰਸਿਟੀ/ਬੋਰਡ ਵਲੋਂ ਚੈੱਕ ਕੀਤਾ ਜਾ ਸਕੇ ਕਿ ਵਾਕਿਆ ਹੀ ਆਨ-ਲਾਈਨ ਕਲਾਸਾਂ ਲਈਆਂ ਜਾ ਰਹੀਆਂ ਹਨ।

4 ਸਾਰੇ ਸਰਕਾਰੀ ਅਤੇ ਪ੍ਰਾਈਵੇਟ ਕਾਲਜਾਂ ਨੂੰ ਇਹ ਵੀ ਇਹ ਵੀ ਆਦੇਸ਼ ਦਿੱਤਾ ਜਾਵੇ ਕਿ ਉਹ ਇਹ ਵੀਡੀਓ ਰਿਕਾਰਡਿੰਗਜ਼ ਵਿਦਿਆਰਥੀਆਂ ਨਾਲ ਵੀ ਸ਼ੇਅਰ ਕਰਨ ਤਾਂ ਜੋ ਵਿਦਿਆਰਥੀ ਲੋੜ ਅਨੁਸਾਰ ਉਸ ਨੂੰ ਦੋਬਾਰਾ ਵੇਖ ਕੇ ਆਪਣੇ ਸ਼ੰਕੇ ਦੂਰ ਕਰ ਸਕਣ।

ਪ੍ਰਮੁੱਖ ਸਕੱਤਰ
ਤਕਨੀਕੀ ਸਿੱਖਿਆ ਤੇ ਉਦਯੋਗਿਕ
ਸਿਖਲਾਈ ਵਿਭਾਗ,ਪੰਜਾਬ।